ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈਸਿ), ਪੰਜਾਬ
ਚੌਥੀ ਮੰਜਿਲ, ਈ-ਬਲਾਕ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ਼-8, ਮੋਹਾਲੀ
(ਕੋਆਰਡੀਨੇਸ਼ਨ ਸੈਲ)

ਸੇਵਾ ਵਿਖੇ

1. ਸਮੂਹ ਮੰਡਲ ਸਿੱਖਿਆ ਅਫਸਰ, ਪੰਜਾਬ।
2. ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈਸਿ), ਪੰਜਾਬ।
3. ਸਮੂਹ ਪ੍ਰਿੰਸੀਪਲ/ਸਕੂਲ ਮੁੱਖੀ, ਪੰਜਾਬ। (ਵੈਬਸਾਈਟ ਰਾਹੀਂ)

ਮੀਮੋ ਨੰ: 15/49-2015 ਕੋ ਸੈਲ (1)/518
ਮਿਤੀ 21-10-2016.

ਵਿਸ਼ਾ: **ਪੰਜਾਬ ਸਿਵਲ ਸਕੱਤਰੇਤ ਵਿਖੇ ਕਲਰਕਾਂ ਦੇ ਕਾਡਰ ਨਾਲ ਸਬੰਧਤ ਖਾਲੀ 04 ਅਸਾਮੀਆਂ ਨੂੰ ਬਦਲੀ ਦੀ ਵਿਧੀ ਰਾਹੀਂ ਭਰਨ ਸਬੰਧੀ।**

ਹਵਾਲਾ: ਪੰਜਾਬ ਸਰਕਾਰ, ਆਮ ਰਾਜ ਪ੍ਰਬੰਧ ਵਿਭਾਗ (ਸਕੱਤਰੇਤ ਅਮਲਾ-4 ਸਾਖਾ) ਦਾ ਪੱਤਰ ਨੰ: 1/91/2014-4ਅ4/1769 ਮਿਤੀ 03-10-2016.

ਉਪਰੋਕਤ ਵਿਸੇ ਤੇ ਹਵਾਲਾ ਅਧੀਨ ਪੱਤਰ ਦੀ ਕਾਪੀ ਆਪ ਜੀ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜੀ ਜਾਂਦੀ ਹੈ।

ਨੱਥੀ : ਉਕਤ ਅਨੁਸਾਰ

ਸਹਾਇਕ ਡਾਇਰੈਕਟਰ (ਕੋਆਰਡੀਨੇਸਨ)

ਪਿੱਠ ਅੰ: ਨੰ: ਉਕਤ ਮਿਤੀ : 21-10-2016

ਉਤਾਰਾ ਰਜਿਸਟਰਾਰ ਸਿੱਖਿਆ ਵਿਭਾਗ ਅਤੇ ਅਮਲਾ ਅਫਸਰ, ਦਫਤਰ ਡੀ.ਪੀ.ਆਈ (ਸੈਸਿ), ਪੰਜਾਬ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਸਹਾਇਕ ਡਾਇਰੈਕਟਰ (ਕੋਆਰਡੀਨੇਸਨ)

ਨੰ: 1/91/2014-4ਅ4/1769

**ਪੰਜਾਬ ਸਰਕਾਰ**
**ਆਮ ਰਾਜ ਪ੍ਰਬੰਧ ਵਿਭਾਗ**
**(ਸਕੱਤਰੇਤ ਅਮਲਾ-4 ਸ਼ਾਖਾ)**

**ਮਿਤੀ, ਚੰਡੀਗੜ੍ਹ: 03 ਅਕਤੂਬਰ, 2016**

ਸੇਵਾ ਵਿਖੇ,

ਪੰਜਾਬ ਰਾਜ ਦੇ ਸਮੂਹ ਵਿਭਾਗਾਂ ਦੇ ਮੁੱਖੀ;
ਸਮੂਹ ਮੰਡਲਾਂ ਦੇ ਕਮਿਸ਼ਨਰ ਅਤੇ ਡਿਪਟੀ ਕਮਿਸ਼ਨਰ;
ਰਜਿਸਟਰਾਰ, ਪੰਜਾਬ ਅਤੇ ਹਰਿਆਣਾ ਹਾਈਕੋਰਟ;
ਸਮੂਹ ਜ਼ਿਲਿਆਂ ਦੇ ਸੈਸ਼ਨ ਜੱਜ;
ਪੰਜਾਬ ਵਿਧਾਨ ਸਭਾ, ਚੰਡੀਗੜ੍ਹ;
ਅਤੇ ਉਪ ਮੰਡਲ ਅਫਸਰ (ਸ)।

ਵਿਸ਼ਾ:- ਪੰਜਾਬ ਸਿਵਲ ਸਕੱਤਰੇਤ ਵਿਖੇ ਕਲਰਕਾਂ ਦੇ ਕਾਡਰ ਨਾਲ ਸਬੰਧਤ ਖਾਲੀ 04 ਆਸਾਮੀਆਂ ਨੂੰ ਬਦਲੀ ਦੀ ਵਿਧੀ ਰਾਹੀ ਭਰਨ ਸਬੰਧੀ।

xxxx

ਸ੍ਰੀਮਾਨ/ਸ੍ਰੀਮਤੀ ਜੀ,

ਉਪਰੋਕਤ ਵਿਸ਼ੇ ਦੇ ਹਵਾਲੇ ਵਿੱਚ ਮੈਨੂੰ ਇਹ ਲਿਖਣ ਦੀ ਹਦਾਇਤ ਹੋਈ ਹੈ ਕਿ ਪੰਜਾਬ ਸਿਵਲ ਸਕੱਤਰੇਤ ਵਿਖੇ ਕਲਰਕਾਂ ਦੇ ਕਾਡਰ ਵਿੱਚ ਖਾਲੀ 04 ਆਸਾਮੀਆਂ ਨੂੰ ਰਾਜ ਸਰਕਾਰ ਦੇ ਵੱਖ-ਵੱਖ ਸਰਕਾਰੀ ਵਿਭਾਗਾਂ/ਦਫਤਰਾਂ ਵਿੱਚ ਬਤੌਰ ਕਲਰਕ ਕੰਮ ਕਰ ਰਹੇ ਚਾਹਵਾਨ ਕਰਮਚਾਰੀਆਂ ਵਿੱਚੋ ਬਦਲੀ ਦੀ ਵਿਧੀ ਰਾਹੀ ਭਰਨ ਦਾ ਫੈਸਲਾ ਲਿਆ ਗਿਆ ਹੈ।ਇਸ ਆਸਾਮੀ ਲਈ ਅਪਲਾਈ ਕਰਨ ਵਾਲੇ ਚਾਹਵਾਨ ਉਮੀਦਵਾਰ (ਕਲਰਕ) ਹੇਠ ਦਰਸਾਏ ਗਏ ਅਨੁਸਾਰ ਵਿਦਿਅਕ ਯੋਗਤਾ, ਤਜ਼ਰਬਾ ਅਤੇ ਹੋਰਨਾਂ ਸ਼ਰਤਾਂ ਨੂੰ ਪੂਰੀਆ ਕਰਦੇ ਹੋਣ:-

ੳ) ਪੰਜਾਬ ਸਰਕਾਰ, ਪ੍ਰਸੋਨਲ ਵਿਭਾਗ (ਪੀ.ਪੀ.-1 ਸ਼ਾਖਾ) ਵੱਲੋ ਜਾਰੀ ਹੋਏ ਨੋਟੀਫਿਕੇਸ਼ਨ ਨੰ: G.S. 12/Const./Art.309/Amd (9)/2009, ਮਿਤੀ 10.02.2009 ਰਾਹੀ ਪੰਜਾਬ ਸਿਵਲ ਸਰਵਿਸ (ਜਨਰਲ ਐਂਡ ਕੋਮਨਨ ਕੰਡੀਸ਼ਨ ਆਫ ਸਰਵਿਸ) ਰੂਲਜ਼, 1994 ਦੇ ਸਬ-ਨਿਯਮ 15 ਵਿੱਚ ਹੋਈ ਸੋਧ ਅਨੁਸਾਰ ਹੇਠ ਅਨੁਸਾਰ ਵਿਦਿਅਕ ਯੋਗਤਾ ਰੱਖਦਾ ਹੋਵੇ:-

**15. Minimum Education and other qualifications:-**

(i) No person shall be given direct appointment to the post of Clerk under the Punjab Government unless he possesses the Bachelor's Degree from a recognised University or Institution and

(ii) Possesses at least one hundred and twenty hours course with hands on experience in the use of Personal Computer or Information Technology in office Productivity applications or Desktop Publishing applications from a Government recognised institution or a reputed institution, which is ISO 9001, certified;

Or

Possesses Computer information Techonology Course equivalent to 'o' level certificate of Department of Electronics Accreditation or Computer Courses (DOEACC) of Government of India.

ਅ) ਪੰਜਾਬ ਸਿਵਲ ਸੇਵਾਵਾਂ ਨਿਯਮਾਂਵਲੀ, ਕਲਾਸ-3 ਰੂਲਜ਼, 1976 ਦੀ ਰੋਸ਼ਨੀ ਵਿੱਚ ਬਤੌਰ ਕਲਰਕ 2 ਸਾਲ ਦੇ ਸੇਵਾ ਤਜ਼ਰਬੇ ਦੀ ਸ਼ਰਤ ਨੂੰ ਪੂਰਾ ਕਰਦਾ ਹੋਵੇ;

ੲ) ਬਤੌਰ ਕਲਰਕ ਪਿੱਤਰੀ ਵਿਭਾਗ ਵਿੱਚ ਪਰਖਕਾਲ ਸਮਾਂ ਤਸੱਲੀਬਖਸ਼ ਢੰਗ ਨਾਲ ਪਾਰ ਹੋਵੇ।

2. ਉਕਤ ਤੋਂ ਇਲਾਵਾ ਰਾਜ ਸਰਕਾਰ ਵੱਲੋ ਜਾਰੀ ਨੋਟੀਫਿਕੇਸ਼ਨ ਨੰ: G.S.R.59/ Const./Art.309/Amd(13)2011, ਮਿਤੀ 17.8.2011 ਅਤੇ ਨੋਟੀਫਿਕੇਸ਼ਨ ਨੰ: G.S.R.69/ Const./Art.309/Amd(16)/2015, ਮਿਤੀ 24.12.2015 ਦੀ ਰੋਸ਼ਨੀ ਵਿੱਚ ਨਿਰਧਾਰਤ ਸੇਵਾ ਸ਼ਰਤਾਂ /ਯੋਗਤਾਵਾਂ/ਤਜਰਬਾ ਪੂਰਾ ਕਰਨ ਵਾਲੇ ਯੋਗ ਉਮੀਦਵਾਰਾਂ ਦਾ ਨਿਯੁਕਤੀ ਤੋ ਪਹਿਲਾਂ ਪੰਜਾਬੀ/ਅੰਗਰੇਜ਼ੀ ਟਾਈਪ ਟੈਸਟ ਵੀ ਲਿਆ ਜਾਵੇਗਾ।

3. ਵਿਭਾਗ ਦੇ ਮੁੱਖੀਆਂ ਵੱਲੋ ਉਮੀਦਵਾਰਾਂ ਦੀਆਂ ਪ੍ਰਤੀਬੇਨਤੀਆਂ ਰਾਹੀ ਯੋਗ ਪ੍ਰਣਾਲੀ ਰਾਹੀ ਸਕੱਤਰੇਤ ਪ੍ਰਸ਼ਾਸ਼ਨ ਨੂੰ ਭੇਜਦੇ ਹੋਏ ਇਹ ਸੁਨਿਸਚਿਤ ਕਰ ਲਿਆ ਜਾਵੇ ਕਿ ਚਾਹਵਾਨ ਉਮੀਦਵਾਰ ਮਾਨਤਾ ਪ੍ਰਾਪਤ ਯੂਨੀਵਰਸਿਟੀ ਤੋ ਗਰੈਜੂਏਟ ਹੋਵੇ, ਕੰਪਿਊਟਰ ਤੇ ਪੰਜਾਬੀ/ਅੰਗਰੇਜ਼ੀ ਟਾਈਪ ਦੀ ਜਾਣਕਾਰੀ ਰੱਖਦੇ ਹੋਵੇ ਅਤੇ ਪਰਖਕਾਲ ਸਮਾਂ ਤਸੱਲੀਬਖਸ਼ ਢੰਗ ਨਾਲ ਪਾਰ ਕੀਤਾ ਗਿਆ ਹੋਵੇ।ਇਸ ਸਬੰਧੀ ਫਾਰਵਰਡਿੰਗ ਪੱਤਰ ਵਿੱਚ ਹੇਠ ਅਨੁਸਾਰ ਸਪੱਸ਼ਟ ਵੇਰਵੇ ਦਰਸਾਏ ਜਾਣ:-

1) ਬਤੌਰ ਕਲਰਕ ਲਗਾਤਾਰ ਨਿਯੁਕਤੀ ਦੀ ਮਿਤੀ ਦੇ ਵੇਰਵੇ;
2) ਪਰਖਕਾਲ ਸਮਾਂ ਪਾਰ ਹੋਣ ਦੀ ਮਿਤੀ ਦੇ ਵੇਰਵੇ ਸਮੇਤ ਹੁਕਮਾਂ ਦੀ ਕਾਪੀ;
3) ਹਦਾਇਤਾਂ ਮਿਤੀ 10.2.2009 ਦੀ ਰੋਸ਼ਨੀ ਵਿੱਚ ਵਿਦਿਅਕ ਯੋਗਤਾ ਦੇ ਸਰਟੀਫਿਕੇਟਾਂ ਦੀਆਂ ਤਸਦੀਕਸ਼ੁਦਾ ਫੋਟੋ ਕਾਪੀਆ (ਗਰੈਜੂਏਸ਼ਨ ਅਤੇ ਘੱਟੋ-ਘੱਟ 120 ਘੰਟਿਆਂ ਦੇ ਕੰਪਿਊਟਰ ਕੋਰਸ);
4) ਵਿਭਾਗ ਦੇ ਮੁੱਖੀ ਦੀ ਤਰਫੋ ਜਾਰੀ ਇਤਰਾਜ਼ਹੀਣਤਾ ਸਰਟੀਫਿਕੇਟ।

4. ਚਾਹਵਾਨ ਉਮੀਦਵਾਰ ਇਸ ਸਰਕੂਲਰ ਦੇ ਜਾਰੀ ਹੋਣ ਦੀ ਮਿਤੀ ਤੋ ਇੱਕ ਮਹੀਨੇ ਦੇ ਸਮੇ ਦੇ ਅੰਦਰ-ਅੰਦਰ ਆਪਣੀ ਪ੍ਰਤੀਬੇਨਤੀ ਵਿਭਾਗ ਦੇ ਮੁੱਖੀ ਰਾਹੀ ਸਕੱਤਰੇਤ ਪ੍ਰਸ਼ਾਸ਼ਨ (ਸਕੱਤਰੇਤ ਅਮਲਾ-4 ਸ਼ਾਖਾ), ਛੇਵੀ ਮੰਜ਼ਲ, ਪੰਜਾਬ ਸਿਵਲ ਸਕੱਤਰੇਤ ਨੂੰ ਭਿਜਵਾਉਣ ਦੀ ਖੇਚਲ ਕਰਨ।ਨਿਰਧਾਰਤ ਮਿਆਦ ਦੇ ਪੁੱਗਣ ਉਪਰੰਤ ਪ੍ਰਾਪਤ ਹੋਣ ਵਾਲੀਆ ਪ੍ਰਤੀਬੇਨਤੀਆਂ ਅਤੇ ਅਧੂਰੀਆ/ਇਤਰਾਜ਼ਹੀਣਤਾ ਸਰਟੀਫਿਕੇਟ ਬਗੈਰ ਸਿੱਧੇ ਤੌਰ ਤੇ ਪ੍ਰਾਪਤ ਹੋਣ ਵਾਲੀਆ ਪ੍ਰਤੀਬੇਨਤੀਆਂ ਤੇ ਕੋਈ ਵੀ ਵਿਚਾਰ ਨਹੀਂ ਕੀਤਾ ਜਾਵੇਗਾ। ਯੋਗ ਉਮੀਦਵਾਰਾਂ ਨੂੰ ਪੰਜਾਬੀ/ਅੰਗਰੇਜ਼ੀ ਟਾਈਪ ਟੈਸਟ ਦੀ ਮਿਤੀ ਬਾਰੇ ਬਾਅਦ ਵਿੱਚ ਸੂਚਿਤ ਕੀਤਾ ਜਾਵੇਗਾ।

ਅਧੀਨ ਸਕੱਤਰ, ਸਕੱਤਰੇਤ ਪ੍ਰਸ਼ਾਸ਼ਨ